ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 27 ਜੁਲਾਈ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਸਾਹਿਤ ਵਿਗਿਆਨ ਕੇਂਦਰ ਵਲੋਂ ਸਾਵਣ ਕਵੀ-ਦਰਬਾਰ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ 27 ਜੁਲਾਈ : ਸਾਹਿਤ ਵਿਗਿਆਨ ਕੇਂਦਰ (ਰਜਿ:) ਚੰਡੀਗੜ੍ਹ ਦੀ ਮਾਸਿਕ ਇਕੱਤਰਤਾ ਟੀ.ਐੱਸ. ਸੈਂਟਰਲ ਸਟੇਟ ਲਾਇਬ੍ਰੇਰੀ, ਚੰਡੀਗੜ੍ਹ ਵਿਖੇ ਹੋਈ ਜਿਸ ਵਿਚ ਇਸ ਕੇਂਦਰ ਦੇ ਸੁਹਿਰਦ ਮੈਂਬਰ ਸ: ਅਮਰਜੀਤ ਸਿੰਘ ਖੁਰਲ ਦੀ ਯਾਦ ਨੂੰ ਸਮਰਪਿਤ ਕਵੀ-ਦਰਬਾਰ ਕਰਵਾਇਆ ਗਿਆ।ਪ੍ਰਧਾਨਗੀ ਮੰਡਲ ਵਿਚ ਪ੍ਰਸਿੱਧ ਗਜ਼ਲਗੋ ਸ: ਗੁਰਚਰਨ ਸਿੰਘ ਜੋਗੀ (ਅੰਬਾਲਾ) ,ਡਾ: ਅਵਤਾਰ ਸਿੰਘ ਪਤੰਗ, ਗੁਰਦਰਸ਼ਨ ਸਿੰਘ ਮਾਵੀ ਅਤੇ ਦਵਿੰਦਰ ਕੌਰ ਢਿੱਲੋਂ ਸੁਸ਼ੋਭਿਤ ਸਨ।ਗੁਰਦਰਸ਼ਨ ਸਿੰਘ ਮਾਵੀ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਇਸ ਕੇਂਦਰ ਵਲੋਂ ਕੀਤੇ ਗਏ ਵੱਖੋ ਵੱਖ ਪ੍ਰੋਗਰਾਮਾਂ ਬਾਰੇ ਦੱਸਿਆ। ਸ਼ੁਰੂ ਵਿਚ ਡਾ: ਅਵਤਾਰ ਸਿੰਘ ਪਤੰਗ ਜੀ ਨੇ ਪੰਜਾਬੀ ਜੀਵਨ ਵਿਚ ਸਾਵਣ ਮਹੀਨੇ ਦੀ ਮਹਤੱਤਾ ਬਾਰੇ ਦੱਸਿਆ।ਸੁਰਜੀਤ ਸਿੰਘ ਧੀਰ ਜੀ ਨੇ ਤਰੰਨਮ ਵਿਚ ਗਜ਼ਲ ਸੁਣਾਈ। ਗੁਰਦਾਸ ਸਿੰਘ ਦਾਸ, ਬਲਵਿੰਦਰ ਸਿੰਘ ਢਿੱਲੋਂ, ਹਰਭਜਨ ਕੌਰ ਢਿੱਲੋਂ, ਅਮਰਜੀਤ ਕੌਰ, ਮਲਕੀਤ ਸਿੰਘ ਨਾਗਰਾ,ਡਾ: ਮਨਜੀਤ ਸਿੰਘ ਬੱਲ, ਦਰਸ਼ਨ ਤਿਉਣਾ, ਲਾਭ ਸਿੰਘ ਲਹਿਲੀ,ਸਿਮਰਜੀਤ ਕੌਰ ਗਰੇਵਾਲ, ਹਰਿੰਦਰਜੀਤ ਸਿੰਘ ਹਰ,ਰਤਨ ਬਾਥਕਵਾਲਾ,ਸਰਬਜੀਤ ਸਿੰਘ ਪੱਡਾ,ਜਗਤਾਰ ਸਿੰਘ ਜੇਗ, ਭਰਪੂਰ ਸਿੰਘ, ਕਰਨੈਲ ਸਿੰਘ ਨੇ ਸਾਵਣ ਬਾਰੇ ਵਧੀਆ ਗੀਤ ਸੁਣਾਏ। ਗਨਪਤ ਰਾਏ, ਮੋਜੇਵਾਲ,ਮਨਜੀਤ ਸਿੰਘ ਮਝੈਲ,ਪਾਲ ਅਜਨਬੀ,ਲਵਪ੍ਰੀਤ ਸਿੰਘ,ਮਹਿਤਾਬ ਸਿੰਘ ਕੰਗ,ਰਜਿੰਦਰ ਰੇਨੂੰ,ਨੇ ਕਵਿਤਾਵਾਂ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਜੋਗੀ ਜੀ ਨੇ ਕਿਹਾ ਕਿ ਮੈਂਬਰਾਂ ਦੀ ਯਾਦ ਵਿਚ ਸਮਾਗਮ ਕਰਾਉਣੇ ਚੰਗੀ ਪਿਰਤ ਹੈ।ਸਾਵਣ ਮਹੀਨੇ ਬਾਰੇ ਕਵੀ-ਦਰਬਾਰ ਦਾ ਅਨੰਦ ਵੱਖਰਾ ਹੀ ਹੁੰਦਾ ਹੈ।ਉਹਨਾਂ ਨੇ ਕੁਝ ਸ਼ੇਅਰ ਅਤੇ ਤਿੰਨ ਗ਼ਜ਼ਲਾਂ ਸੁਣਾਈਆਂ। ਇਸ ਮੌਕੇ ਸ: ਅਮਰਜੀਤ ਸਿੰਘ ਖੁਰਲ ਜੀ ਦੇ ਬੇਟੇ ਨੇ ਆਪਣੇ ਪਿਤਾ ਜੀ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਕਵਿਤਾ ਦੀਆਂ ਕੁਝ ਪੰਕਤੀਆਂ ਸੁਣਾਈਆਂ।ਉਹਨਾਂ ਨੇ ਇਹ ਦਿਨ ਮਨਾਉਣ ਲਈ ਕੇਂਦਰ ਦਾ ਧੰਨਵਾਦ ਕੀਤਾ।ਇਸ ਮੌਕੇ ਕੇਂਦਰ ਦੀਆਂ ਇਸਤ੍ਰੀ ਮੈਂਬਰਾਂ ਨੇ ਬੋਲੀਆਂ ਪਾ ਕੇ ਗਿੱਧੇ ਦਾ ਚੰਗਾ ਪਿੜ ਬੰਨ੍ਹਿਆ। ਡਾ: ਅਵਤਾਰ ਸਿੰਘ ਪਤੰਗ ਨੇ ਸਭ ਦਾ ਧੰਨਵਾਦ ਕੀਤਾ।ਦਵਿੰਦਰ ਕੌਰ ਢਿੱਲੋਂ ਨੇ ਮੰਚ ਸੰਚਾਲਨ ਦੀ ਜਿੰਮੇਵਾਰੀ ਸੁਚੱਜੇ ਢੰਗ ਨਾਲ ਨਿਭਾਈ। ਸਭ ਲਈ ਖੀਰ ਪੂੜੇ ਦਾ ਲੰਗਰ ਵਰਤਾਇਆ ਗਿਆ।

ਗੁਰੂ ਗੋਬਿੰਦ ਸਿੰਘ ਪਾਰਕ ਸੁਸਾਇਟੀ ਨੇ ਆਪਣੀ ਰਵਾਇਤ ਨੂੰ ਅੱਗੇ ਤੋਰਦਿਆਂ ਰਾਕੇਸ਼ ਬਾਂਸਲ ਜੀ ਨੂੰ ਜਨਮ ਦਿਨ ਤੇ ਕੀਤਾ ਸਨਮਾਨਿਤ :ਜਸਵੀਰ ਸ਼ਰਮਾ ਦੱਦਾਹੂਰ

ਵਰਲਡ ਪੰਜਾਬੀ ਟਾਈਮਜ਼

ਸ੍ਰੀ ਮੁਕਤਸਰ ਸਾਹਿਬ 27 ਜੁਲਾਈ : ਗੁਰੂ ਗੋਬਿੰਦ ਸਿੰਘ ਪਾਰਕ ਸ੍ਰੀ ਮੁਕਤਸਰ ਸਾਹਿਬ ਵਿਖੇ ਹਰ ਸ਼ਨੀਵਾਰ ਨੂੰ ਗੁਰੂ ਗੋਬਿੰਦ ਸਿੰਘ ਪਾਰਕ ਸੁਸਾਇਟੀ ਵੱਲੋਂ ਪਹਿਲਾਂ ਹਰ ਰੋਜ਼ ਦੀ ਤਰ੍ਹਾਂ ਸੈਰ ਕਰਨ ਤੋਂ ਬਅਦ ਹਫਤਾਵਾਰੀ ਸ਼ਨੀਵਾਰ ਨੂੰ ਸਵੇਰੇ ਸਾਡੇ ਛੇ ਤੋਂ ਸਾਢੇ ਸੱਤ ਵਜੇ ਤੱਕ ਗੀਤ ਸੰਗੀਤ ਨਾਲ ਭਰਪੂਰ ਅਨੰਦਿਤ ਰੰਗਾਰੰਗ ਪ੍ਰੋਗਰਾਮ ਖੂਬ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਉਸ ਵਿੱਚ ਸਮੇਂ ਅਨੁਸਾਰ ਜਿਸ ਵੀ ਸੁਸਾਇਟੀ ਦੇ ਮੈਂਬਰ ਦਾ ਜਨਮਦਿਨ ਹੋਵੇ ਜਾਂ ਕਿਸੇ ਵੀ ਪਰਿਵਾਰ ਦੇ ਵਿੱਚ ਕੋਈ ਖੁਸ਼ੀ ਹੋਵੇ ਉਹ ਖੁਸ਼ੀ ਗੀਤ ਸੰਗੀਤ ਨਾਲ ਭਰਪੂਰ ਮਨੋਰੰਜਨ ਕਰਕੇ ਮਨਾਈ ਜਾਂਦੀ ਹੈ ਇਸੇ ਰਵਾਇਤ ਨੂੰ ਅੱਗੇ ਤੋਰਦਿਆਂ ਹੋਇਆਂ ਇਸ ਸ਼ਨੀਵਾਰ 26 ਜੁਲਾਈ ਦੇ ਹਜ਼ਾਰ ਪੱਖੀ ਨੂੰ ਵੀ ਸਵੇਰੇ ਇਸ ਸੋਸਾਇਟੀ ਵੱਲੋਂ ਬਹੁਤ ਹੀ ਸਤਿਕਾਰਤ ਮੈਂਬਰ ਰਾਕੇਸ਼ ਬਾਂਸਲ ਜੀ ਨੂੰ ਉਹਨਾਂ ਦੇ ਜਨਮਦਿਨ ਤੇ ਸਨਮਾਨਿਤ ਕੀਤਾ ਗਿਆ ਮਠਿਆਈ ਵੰਡੀ ਗਈ ਚਾਹ ਦੇ ਨਾਲ ਨਾਸ਼ਤਾ ਕਰਵਾਇਆ ਗਿਆ ਅੰਤ ਸਾਰੇ ਹੀ ਦੋਸਤਾਂ ਨੇ ਉਨਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਹਾਰ ਪਾ ਕੇ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਸਾਰੇ ਆਏ ਹੋਏ ਦੋਸਤਾਂ ਨੇ ਰਾਕੇਸ਼ ਬਾਂਸਲ ਜੀ ਨੂੰ ਵਧਾਈਆਂ ਦਿੱਤੀਆਂ ਅਤੇ ਮੂੰਹ ਮਿੱਠਾ ਕਰਵਾਇਆ ਗਿਆ। ਬਹੁਤ ਹੀ ਭਾਵਪੂਰਤ ਗੀਤ ਸੰਗੀਤ ਦਾ ਸਾਰੇ ਆਏ ਹੋਏ ਦੋਸਤਾਂ ਨੇ ਭਰਪੂਰ ਆਨੰਦ ਮਾਣਿਆ। ਇਸ ਸਮੇਂ ਤੇ ਸੁਸਾਇਟੀ ਦੇ ਸਤਿਕਾਰਤ ਮੈਂਬਰ ਸੱਤਪਾਲ ਅਰੋੜਾ ਮਾਨਕਟਾਲਾ, ਸੁਰਿੰਦਰ ਸ਼ਰਮਾਂ, ਗੁਰਮੀਤ ਸਿੰਘ, ਜਤਿੰਦਰ ਖੁਰਾਣਾ, ਭੰਵਰ ਲਾਲ ਸ਼ਰਮਾਂ, ਕੁਲਭੂਸ਼ਣ ਖੁਰਾਣਾ, ਸੁਰਿੰਦਰ ਰਾਜਦੇਵ, ਰਣਬੀਰ ਬਾਂਸਲ ਭੋਲਾ,ਪਰਦੀਪ ਧੂੜੀਆ, ਬੂਟਾ ਰਾਮ ਕਮਰਾ, ਜਸਵੀਰ ਸ਼ਰਮਾ ਦੱਦਾਹੂਰ, ਲੱਕੀ ਗੁਪਤਾ ਤਰਸੇਮ ਚੁੱਘ ਅਸ਼ੋਕ ਕੁਮਾਰ, ਕ੍ਰਿਸ਼ਨ ਕੁਮਾਰ ਸੁਰਮੇ ਵਾਲਾ ਰਾਜੀਵ ਦਾਬੜਾ ਅਤੇ ਹੋਰ ਵੀ ਸ਼ਹਿਰ ਦੀਆਂ ਨਾਮੀ ਹਸਤੀਆਂ ਮੌਜੂਦ ਸਨ। ਇਸ ਸਮੇਂ ਤੇ ਗੱਲ ਕਰਦਿਆਂ ਬਾਬੂ ਸੱਤਪਾਲ ਅਰੋੜਾ ਜੀ ਨੇ ਦੱਸਿਆ ਕਿ ਆਉਂਦੇ ਸ਼ਨੀਵਾਰ ਇੱਕ ਅਗਸਤ ਦੇ ਹਜ਼ਾਰ ਪੱਖੀ ਨੂੰ ਬਾਬੂ ਕੁਲਭੂਸ਼ਣ ਖੁਰਾਣਾ ਜੀ ਦਾ ਜਨਮਦਿਨ ਇਸੇ ਤਰ੍ਹਾਂ ਧੂਮ ਧਾਮ ਨਾਲ ਸੁਸਾਇਟੀ ਵੱਲੋਂ ਇਸੇ ਸਥਾਨ ਤੇ ਇਸੇ ਟਾਈਮ ਤੇ ਹੀ ਮਨਾਇਆ ਜਾਵੇਗਾ। ਸੋ ਸਾਰੇ ਸਾਥੀਆਂ ਨੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬਬੀਹਾ*

ਕੀਤੇ ਹੋਏ ਕਰਮਾਂ ਕਰਕੇ ਵਿਛੜੇ ਹਾਂ। ਬਖਸ਼ਿਸ਼,ਉਥੇ ਕਰਮ ਸੀ ਕੀਤੇ ਹੋਏ ਕੰਮ।ਮੇਰਾ ਮਨ ਤੜਪਦਾ ਹੈ । ਤੈਨੂੰ ਪਤਾ ਹੈ। ਮੇਰੀ ਲੋਚਾਂ ਤਾਂ ਹੀ ਪੂਰੀ ਹੋਈ ਹੈ। ਜੇਕਰ ਕੋਈ ਬਖਸ਼ਿਸ਼ ਹੋਵੇਗੀ ਜਿਨ੍ਹਾਂ ਨੂੰ ਮਿਲ ਗਿਆ ਉਹੀ ਸ਼ੁਕਰ ਕਰਨ।
ਜਿਨ੍ਹਾਂ ਸੁਹਾਗਣਾਂ ਭੈਣਾਂ ਨੇ ਉਸ ਮਾਲਕ ਨੂੰ ਪਤਾ ਲਿਆ ਹੈ।
ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ।
ਮੇਰੇ ਮਾਲਕ ਤੁਸੀਂ ਕ੍ਰਿਪਾ ਕਰੋ। ਗੁਰੂ ਦਾ ਸ਼ਬਦ ਹੀ ਮੇਰੀ ਜ਼ਿੰਦਗੀ ਨੂੰ ਸਵਾਰ ਸਕਦਾ ਹੈ। ਕ੍ਰਿਪਾ ਕਰੋ ਮੈਨੂੰ ਸ਼ਬਦ ਨਾਲ ਜੋੜ ਦਿਉ।
ਉਹਨਾਂ ਗੁਰਮੁਖਾਂ ਲਈ ਸੁਹਾਗਣਾਂ ਲਈ ਸਾਵਣ ਦਾ ਮਹੀਨਾ ਸੋਹਣਾ ਹੈ।
ਜਿਸ ਨੇ ਹਿਰਦੇ ਵਿਚ ਵਾਹਿਗੁਰੂ ਦੇ ਨਾਮ ਨੂੰ ਹਾਰ ਬਣਾ ਕੇ ਪਾ ਲਿਆ ਹੈ।
ਵਾਹਿਗੁਰੂ ਕ੍ਰਿਪਾ ਕਰਨ ਕਦੀ ਅਸੀਂ ਵੀ ਬਬੀਹਾ ਦੀ ਤਰ੍ਹਾਂ ਪੁਕਾਰੀਏ। ਫਿਰ ਪੁਕਾਰ ਸੁਣੀ ਜਾਵੇ ਤੇ ਉਥੋਂ ਆਵਾਜ਼ ਆਵੇ।
ਬਾਬੀਹਾਂ ਅੰਮ੍ਰਿਤ ਵੇਲੇ ਬੋਲਿਆ
ਤਾਂ ਦਰਿਆ ਸੁਣੀ ਪੁਕਾਰ।।
ਸੁਣ ਕੇ ਕਿਹਾ
ਮੇਘੇ ਨੇ ਫੁਰਮਾਨੁ ਹੋਆ ਵਿਹੁ ਕਿਰਪਾ ਧਾਰਿ।।
ਅਸੀਂ ਕਹਿੰਦੇ ਹਾਂ ਕਿ ਪਿਆਰ ਕਰਨਾ ਹੈ, ਰੱਬ ਨੇ ਬੜੀਆਂ ਦਾਤਾਂ ਦਿੱਤੀਆਂ ਹਨ। ਮੰਨ ਲਵੋ ਕੱਲ ਨੂੰ ਸੁੱਖ ਚਲਾ ਜਾਏ ਤਾਂ ਕੀ ਇਹ ਪ੍ਰੀਤ ਟੁੱਟ ਜਾਏਗੀ। ਸਾਹਿਬ ਆਖਦੇ ਹਨ ਮੈਂ ਸੁੱਖ ਲੈਣ ਕੇ ਵੀ ਤੇਰੇ ਚਰਨ ਕਮਲਾਂ ਨੂੰ ਪਿਆਰ ਕਰਾਂ। ਇੱਥੇ ਸਾਹਿਬ ਕਹਿੰਦੇ ਹਨ ਤੇਰੇ ਮੇਰੇ ਪਿਆਰ ਦੀ ਖੇਡ ਸਿਰਫ਼ ਸੁੱਖ ਨਾਲ਼ ਨਹੀਂ।
ਜੇ ਮੇਰੇ ਸਰੀਰ ਨੂੰ ਰੋਗੀ ਲੱਗ ਜਾਏ ਤੇ ਉਸ ਦਾ ਕੋਈ ਇਲਾਜ ਨਾ ਮਿਲੇ ਤਾਂ ਵੀ ਮੈਂ ਤੇਰੇ ਚਰਨਾਂ ਨਾਲ ਪਿਆਰ ਕਰਾਂਗਾ।
ਕਹਿੰਦੇ ਹਨ ਮੇਰੀ ਅਤੇ ਉਸ ਦੀ ਉਦੋਂ ਦੀ ਪ੍ਰੀਤ ਹੈ। ਜਦੋਂ ਆਸਮਾਨ ਤੇ ਧਰਤੀ ਵੀ ਬਣੇ ਨਹੀਂ ਸਨ।
ਸਾਡੇ ਅੰਦਰ ਵੀ ਗੁਰੂ ਨੂੰ ਇਹੋ ਜਿਹਾ ਪਿਆਰ ਕਰਨ ਦੀ ਤੜਪ ਉਠਦੇ। ਅਸੀਂ ਵੀ ਗੁਰੂ ਦੇ ਚਰਨਾਂ ਨਾਲ ਜੁੜੀਏ।

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

ਸਸਸ ਸਕੂਲ ਮਹਿਲਾਂ ਵਿਖੇ 7ਵੀਂ ਚੇਤਨਾ ਪਰਖ਼ ਪ੍ਰੀਖਿਆ ਦੀ ਸਿਲੇਬਸ ਪੁਸਤਕਾਂ ਵੰਡੀਆਂ -ਤਰਕਸ਼ੀਲ

ਜਾਦੂ ਸ਼ੋਅ ਰਾਹੀਂ ਕੀ ,ਕਿਉਂ, ਕਿਵੇਂ ਆਦਿ ਵਿਗਿਆਨਕ ਗੁਣ ਅਪਨਾਉਣ ਦਾ ਭਾਵਪੂਰਤ ਸੁਨੇਹਾ ਦਿੱਤਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 27 ਜੁਲਾਈ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਅੱਜ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਵਿਖੇ ਪ੍ਰਿੰਸੀਪਲ ਨਵਰਾਜ ਕੌਰ ਦੀ ਅਗਵਾਈ ਵਿੱਚ ਤਰਕਸ਼ੀਲ ਆਗੂ ਲੈਕਚਰਾਰ ਲਖਵੀਰ ਸਿੰਘ ਨੇ ਬਾਕੀ ਲੈਕਚਰਾਰ ਸਾਹਿਬਾਨ ਦੇ ਸਹਿਯੋਗ ਨਾਲ ਤਰਕਸ਼ੀਲ ਸੁਸਾਇਟੀ ਵੱਲੋਂ ਕਰਵਾਈ ਜਾ ਰਹੀ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦੀ ਸਿਲੇਬਸ ਪੁਸਤਕਾਂ ਵਿਦਿਆਰਥੀਆਂ ਨੂੰ ਤਕਸੀਮ ਕੀਤੀਆਂ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਅਯੋਜਿਤ ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨਾ ਹੈ

ਤਾਂ ਜੋ ਸਾਡੇ ਦੇਸ਼ ਦੇ ਭਵਿੱਖ ਬੱਚੇ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜ੍ਹੀਵਾਦੀ ਸੋਚ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਉਜਾਲੇ ਵਿੱਚ ਆਉਣ। ਉਨ੍ਹਾਂ ਦੱਸਿਆ ਕਿ ਇਹ ਪ੍ਰੀਖਿਆ ਇਸ ਸਕੂਲ ਵਿੱਚ 29 ਅਗਸਤ ਨੂੰ ਹੋਵੇਗੀ ,ਓ ਐਮ ਆਰ ਸ਼ੀਟ ਤੇ ਲਈ ਜਾ ਰਹੀ ਇਸ ਪ੍ਰੀਖਿਆ ਦਾ ਸਮਾਂ 40 ਮਿੰਟ ਹੈ। ਪ੍ਰਸ਼ਨ ਪੱਤਰ ਬਹੁ ਚੁਣਾਵੀ 60 ਪ੍ਰਸ਼ਨਾਂ ਦਾ ਹੋਵੇਗਾ। ਸੁਬਾ,ਜੋਨ ਤੇ ਇਕਾਈ ਪੱਧਰ ਤੇ ਸ਼੍ਰੇਣੀ ਅਨੁਸਾਰ ਮੈਰਿਟ ਬਣੇਗੀ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।ਉਨ੍ਹਾਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਆ। ਇਸ ਮੌਕੇ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ ਦਾ ਚਾਨਣ ਵਿਖੇਰਣ ਲਈ ਜਾਦੂ ਸ਼ੋਅ ਵੀ ਹੋਇਆ ।ਜਾਦੂ ਸ਼ੋਅ ਵਿੱਚ ਹੱਥ ਦੀ ਸਫਾਈ/ ਵਿਗਿਆਨਕ ਟ੍ਰਿੱਕਾਂ ਰਾਹੀਂ ਹਾਜ਼ਰੀਨ ਦਾ ਸਾਰਥਿਕ ਮਨੋਰੰਜਨ ਕਰਦਿਆਂ ਕੀ, ਕਿਉਂ ,ਕਿਵੇਂ ਆਦਿ ਵਿਗਿਆਨਕ ਗੁਣਾਂ ਨੂੰ ਲੜ ਬੰਨ੍ਹਣ ਦਾ ਭਾਵਪੂਰਤ ਸੁਨੇਹਾ ਦਿੱਤਾ।।ਵਿਦਿਆਰਥੀਆਂ ਨੂੰ ਸਿਲੇਬਸ ਪੁਸਤਕ ਵੰਡ ਸਮਾਗਮ ਵਿੱਚ ਲੈਕਚਰਾਰ ਲਖਵੀਰ ਸਿੰਘ,ਪਰਮਿੰਦਰ ਕੁਮਾਰ ,ਰਾਕੇਸ਼ ਕੁਮਾਰ, ਗੁਰਮੀਤ ਕੌਰ, ਸੁਖਵਿੰਦਰ ਕੌਰ ,ਗਗਨ ਜੋਤ ਕੌਰ , ਵੰਦਨਾ, ਅੰਜਨ ਅੰਜੂ,ਹਰਵਿੰਦਰ ਸਿੰਘ ਨੇ ਭਾਗ ਲਿਆ।

ਨਰੇਗਾ ਮਜ਼ਦੂਰਾਂ ਨੇ ਡੀ ਸੀ ਦਫਤਰ ਫਰੀਦਕੋਟ ਸਾਹਮਣੇ ਦਿੱਤਾ ਵਿਸ਼ਾਲ ਧਰਨਾ

ਨਰੇਗਾ ਮਜ਼ਦੂਰਾਂ ਨੂੰ ਘੱਟੋ ਘੱਟ 200 ਦਿਨ ਕੰਮ ਦੇਣ ਦੀ ਕਾਨੂੰਨੀ ਗਰੰਟੀ ਅਤੇ ਦਿਹਾੜੀ 1000 ਰੁਪਏ ਦਿੱਤੀ ਜਾਵੇ -ਕਾਮਰੇਡ ਹਰਦੀਪ ਅਰਸ਼ੀ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਚਾਰਕ

ਫਰੀਦਕੋਟ ,27 ਜੁਲਾਈ : ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ:) ਸਬੰਧਤ ਏਟਕ ਦੇ ਸੱਦੇ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸਹਿਯੋਗ ਨਾਲ ਨਰੇਗਾ ਕਾਨੂੰਨ ਨੂੰ ਬਚਾਉਣ ਲਈ ਅਤੇ ਇਸ ਨੂੰ ਅੱਗੇ ਹੋਰ ਵਧਾਉਣ ਲਈ, ਨਰੇਗਾ ਕਾਨੂੰਨ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਵਾਉਣ ਲਈ ਅਤੇ ਨਰੇਗਾ ਮਜ਼ਦੂਰਾਂ ਦੀਆਂ ਹੋਰ ਹੱਕੀ ਮੰਗਾਂ ਲਈ ਅੱਜ ਸਥਾਨਕ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਦੇਸ਼ ਅਤੇ ਪੰਜਾਬ ਦੇ ਰਾਜਨੀਤਿਕ ਹਾਲਤਾਂ ਤੇ ਰੌਸ਼ਨੀ ਪਾਈ। ਉਨਾਂ ਹੁਕਮਰਾਨ ਸਰਕਾਰਾਂ ਵੱਲੋਂ ਨਰੇਗਾ ਮਜ਼ਦੂਰਾਂ ਦੇ ਕੀਤੇ ਜਾ ਰਹੇ ਆਰਥਿਕ ਸੋਸ਼ਣ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਮੰਗ ਕੀਤੀ ਕਿ ਸਾਲ ਵਿੱਚ ਘੱਟੋ ਘੱਟ 200 ਦਿਨ ਕੰਮ ਦੇਣ ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇ ਅਤੇ ਵੇਗਾ ਮਜ਼ਦੂਰਾਂ ਦੀ ਦਿਹਾੜੀ ਘੱਟੋ ਘੱਟ 1000 ਰੁਪਏ ਕੀਤੀ ਜਾਵੇ।

ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲਾ ਸਕੱਤਰ ਅਸ਼ੋਕ ਕੌਸ਼ਲ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲਾ ਸਕੱਤਰ ਕਾਮਰੇਡ ਗੋਰਾ ਸਿੰਘ ਪਿਪਲੀ ਪੱਪੀ ਸਿੰਘ ਢਿਲਵਾਂ, ਜ਼ਿਲ੍ਹਾ ਪ੍ਰਧਾਨ ਵੀਰ ਸਿੰਘ ਕਮੇਆਣਾ, ਜਿਲਾ ਸਲਾਹਕਾਰ ਮਨਜੀਤ ਕੌਰ ਨੱਥੇ ਵਾਲਾ, ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਬਲਕਾਰ ਸਿੰਘ ਸਹੋਤਾ, ਖੇਤ ਮਜ਼ਦੂਰ ਆਗੂ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ,ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜ ਭੰਨ , ਗੁਰਚਰਨ ਸਿੰਘ ਮਾਨ, ਕਿਰਪਾਲ ਸਿੰਘ ਮਚਾਕੀ, ਬਲਾਕ ਜੈਤੋ ਦੇ ਪ੍ਰਧਾਨ ਰੇਸ਼ਮ ਸਿੰਘ ਮੱਤਾ ਬਲਾਕ ਜੈਤੋ ਦੇ ਸਕੱਤਰ ਰਾਮ ਸਿੰਘ ਚੈਨਾ,ਨੌਜਵਾਨ ਸਭਾ ਦੇ ਆਗੂ ਚਰਨਜੀਤ ਸਿੰਘ ਚਮੇਲੀ ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 2005 ਵਿੱਚ ਖੱਬੇ ਪੱਖੀ ਪਾਰਟੀਆਂ ਦੇ ਦਬਾਅ ਨਾਲ ਅਣਸਿਖਿਅਤ ਲੋਕਾਂ ਨੂੰ ਕੰਮ ਦੇਣ ਲਈ ਇਹ ਨਰੇਗਾ ਦਾ ਕਾਨੂੰਨ ਵਿੱਚ ਹੋਂਦ ਵਿੱਚ ਲਿਆਂਦਾ ਸੀ ਜਿਸ ਨਾਲ ਪੇਂਡੂ ਅਨਪੜਾ ਨੂੰ ਰੁਜ਼ਗਾਰ ਮਿਲਿਆ। ਜਿਸ ਨਾਲ ਲੋਕਾਂ ਦੀ ਜ਼ਿੰਦਗੀ ਕੁਝ ਸੌਖੀ ਹੋਈ,ਪਰ ਜਦੋਂ ਤੂੰ ਮੋਦੀ